Bruce Peninsula
National Park

# ਇੱਥੇ ਕਿਵੇਂ ਪਹੁੰਚਣਾ ਹੈ

## ਕਾਰ ਦੁਆਰਾ

ਸਾਇਪ੍ਰਸ ਲੇਕ (Cyprus Lake) ਕੈਂਪਗ੍ਰਾਉਂਡ:

Cyprus Lake Road,
Tobermory, ON
ਜੀਪੀਏਸ: 45.225937 N, 81.524772 W

ਵਿਜ਼ਿਟਰ ਸੈਂਟਰ:

Chi sin tib dek Rd,
Tobermory, ON
ਜੀਪੀਏਸ: 45.257412 N, 81.655633 W

ਪਾਰਕ ਵਿੱਚ ਦੱਖਣ ਵੱਲੋਂ ਹਾਈਵੇ 6 ਤੋਂ ਜਾਂ ਉੱਤਰ ਵੱਲੋਂ ਓਵੇਨ ਸਾਉਂਡ ਟ੍ਰਾਂਸਪੋਰਟੇਸ਼ਨ ਕੰਪਨੀ ਐਮ.ਐਸ. ਚਿ-ਚੀਮੌਨ ਤੋਂ ਪਹੁੰਚਿਆ ਜਾਂਦਾ ਹੈ, ਜੋ ਬਸੰਤ, ਗਰਮੀ ਅਤੇ ਪਤਝੜ ਦੇ ਮੌਸਮ ਵਿੱਚ ਚਲਦੀ ਹੈ। ਏਮਏਸ ਚੀ-ਚੀਮੌਨ ਦੀ ਆਨਲਾਈਨ ਸਮਾਂ-ਸੂਚੀ ਤੇ ਜਾਓ ਜਾਂ ਇਨ੍ਹਾਂ ਨੂੰ 519-596-2510 ਤੇ ਸੰਪਰਕ ਕਰੋ।

## ਪਾਰਕਬਸ (Parkbus)

PARKBUS

ਪਾਰਕਬਸ ਦੇ ਜਰੀਏ ਸ਼ਹਿਰ ਦੇ ਵਪਾਰਕ ਇਲਾਕੇ ਤੋਂ ਓਨਟਾਰਿਓ ਦੇ ਨੈਸ਼ਨਲ ਪਾਰਕਾਂ ਤਕ ਦੀ ਸਿੱਧੀ ਬਸ ਸੇਵਾ ਦਾ ਲਾਭ ਉਠਾਓ! ਪਾਰਕਬਸ, ਕੈਨੇਡਾ ਦੇ ਬੇਸ਼ਕੀਮਤੀ ਕੁਦਰਤੀ ਅਜੂਬਿਆਂ ਤੇ ਜਾਣ ਲਈ, ਇਨ੍ਹਾਂ ਦਾ ਪਤਾ ਲਗਾਉਣ ਲਈ ਅਤੇ ਆਨੰਦ ਮਾਨਣ ਲਈ ਗ੍ਰੇਟਰ ਟੋਰੰਟੋ ਏਰੀਆ ਦੇ ਨਿਵਾਸੀਆਂ ਲਈ ਵਾਤਾਵਰਣ ਮੁਤਾਬਕ ਢੁਕਵੇਂ ਅਤੇ ਸਸਤੇ ਵਿਕਲਪ ਦੀ ਪੇਸ਼ਕਸ਼ ਕਰਦੀ ਹੈ। ਪਾਰਕਬਸ, ਅਤੇ ਇਨ੍ਹਾਂ ਦੇ ਰਸਤਿਆਂ ਅਤੇ ਸਮਾਂ-ਸੂਚੀਆਂ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰਨ ਲਈ, www.parkbus.ca ਤੇ ਜਾਓ ਜਾਂ 1-800-928-7101 ਤੇ ਉਨ੍ਹਾਂ ਨੂੰ ਸੰਪਰਕ ਕਰੋ।

ਤੁਸੀਂ ਇਸ ਇਲਾਕੇ ਵਿੱਚ ਆਪਣੀ ਨਿੱਜੀ ਬੇੜੀ ਜਾਂ ਜਹਾਜ ਦੁਆਰਾ ਵੀ ਪਹੁੰਚ ਸਕਦੇ ਹੋ। ਟੋਬਰਮੋਰੀ (Tobermory) ਹਵਾਈ-ਅੱਡੇ ਤੇ ਉਪਭੋਗਤਾ ਦੁਆਰਾ ਸੰਚਾਲਿਤ ਲਾਈਟਾਂ ਵਾਲਾ 1220 ਮੀਟਰ (4000 ਫੁੱਟ) ਦਾ ਪੱਕਾ ਰਸਤਾ ਹੈ, ਪਰ ਰੇਡਿਓ ਨਹੀਂ ਹੈ। ਵਿਅਰਟਨ (Wiarton) ਕੋਲ ਸੰਪੂਰਨ-ਸੇਵਾ ਵਾਲਾ ਹਵਾਈ-ਅੱਡਾ ਹੈ।


Bruce Peninsula National Park &
Fathom Five National Marine Park
Toronto
Kitchener
Hamilton
Buffalo
London
Detroit
Chicago
Cleveland